# ਟੀਬੀ ਨੂੰ ਰੋਕੋ

**ਟੀਬੀ ਦਾ ਇਲਾਜ ਹੋ ਸਕਦਾ ਹੈ, ਉਸਨੂੰ ਰੋਕਿਆ ਜਾ ਸਕਦਾ ਹੈ ਅਤੇ ਰੋਗਮੁਕਤ ਹੋਇਆ ਜਾ ਸਕਦਾ ਹੈ!**

ਟੀਬੀ (ਤਪਿਦਕ) ਉਸ ਸਮੇਂ ਫੈਲਦਾ ਹੈ ਜਦੋਂ ਕੋਈ ਟੀਬੀ ਦਾ ਬਿਮਾਰ ਵਿਅਕਤੀ ਖੰਘ ਕੇ ਜਾਂ ਛਿੱਕ ਮਾਰਕੇ ਰੋਗਾਣੂਆਂ ਨੂੰ ਹਵਾ ਵਿੱਚ ਫੈਲਾਉਂਦਾ ਹੈ। ਟੀਬੀ ਕਿਸੇ ਨੂੰ ਵੀ ਲੱਗ ਸਕਦੀ ਹੈ।



ਜੇਕਰ ਤੁਸੀਂ ਟੀਬੀ ਦੇ ਰੋਗਾਣੂੰ ਸਾਹ ਦੁਆਰਾ ਅੰਦਰ ਲੈ ਜਾਂਦੇ ਹੋ ਤਾਂ ਉਹ ਤੁਹਾਡੇ ਫੇਫੜਿਆਂ ਦੇ ਵਿੱਚ ਚਲੇ ਜਾਂਦੇ ਹਨ। ਕਦੇ ਕਦੇ ਰੋਗਾਣੂੰ ਸਰੀਰ ਦੇ ਹੋਰ ਹਿੱਸਿਆਂ ਦੇ ਵਿੱਚ ਵੀ ਚਲੇ ਜਾਂਦੇ ਹਨ।

## ਟੀਬੀ ਦੀ ਇਨਫੈਕਸ਼ਨ

ਜੇਕਰ ਤੁਹਾਡਾ ਸਰੀਰ ਮਜਬੂਤ ਹੈ ਤਾਂ ਉਹ ਟੀਬੀ ਦੇ ਰੋਗਾਣੂਆਂ ਨੂੰ ਫੈਲਣ ਤੋਂ ਰੋਕ ਸਕਦਾ ਹੈ।

ਇਹ ਰੋਗਾਣੂੰ ਤੁਹਾਡੇ ਸਰੀਰ ਦੇ ਵਿੱਚ ਰਹਿੰਦੇ ਹਨ, ਪਰ ਉਹ ਫੈਲਦੇ ਜਾਂ ਵਧਦੇ ਨਹੀਂ ਅਤੇ ਅਤੇ ਤੁਹਾਨੂੰ ਬਿਮਾਰ ਨਹੀਂ ਕਰਦੇ। ਇਸਨੂੰ **ਟੀਬੀ ਦੀ ਇਨਫੈਕਸ਼ਨ** ਕਹਿੰਦੇ ਹਨ।

- ਤੁਸੀਂ ਟੀਬੀ ਦੂਜਿਆਂ ਤਕ **ਨਹੀਂ ਫੈਲਾ ਸਕਦੇ**।
- ਤੁਸੀਂ **ਬਿਮਾਰ ਮਹਿਸੂਸ ਨਹੀਂ ਕਰੋਗੇ**।
- ਤੁਹਾਡਾ ਚਮੜੀ ਦਾ ਟੈਸਟ ਪਾਜ਼ਿਟਵ ਹੋ ਸਕਦਾ ਹੈ।
- ਤੁਹਾਡਾ ਛਾਤੀ ਦਾ ਐਕਸ-ਰੇਅ ਠੀਕ-ਠਾਕ ਹੋ ਸਕਦਾ ਹੈ।



ਤੁਸੀਂ ਦਵਾਈ **ਲੈ ਸਕਦੇ ਹੋ** ਤਾਂਕਿ ਰੋਗਾਣੂੰ ਤੁਹਾਡੇ ਸਰੀਰ ਵਿੱਚ ਨਾਂ ਫੈਲਣ ਅਤੇ ਨਾਂ ਹੀ ਤੁਹਾਨੂੰ ਟੀਬੀ ਦੀ ਬਿਮਾਰੀ ਦਾ ਸ਼ਿਕਾਰ ਬਣਾਉਣ। ਟੀਬੀ ਦੀ ਦਵਾਈ ਮੁਫਤ ਮਿਲਦੀ ਹੈ!

## ਟੀਬੀ ਦੀ ਬਿਮਾਰੀ

ਜੇਕਰ ਤੁਹਾਡਾ ਸਰੀਰ ਕਮਜ਼ੋਰ ਹੈ ਅਤੇ ਉਹ ਟੀਬੀ ਦੇ ਰੋਗਾਣੂਆਂ ਨੂੰ ਫੈਲਣ ਤੋਂ ਰੋਕ ਨਹੀਂ ਸਕਦਾ। ਤੁਹਾਡਾ ਸਰੀਰ ਕਮਜ਼ੋਰ ਹੋ ਸਕਦਾ ਹੈ ਜੇਕਰ ਤੁਸੀਂ ਕਿਸੇ ਹੋਰ ਬਿਮਾਰੀ ਦੇ ਸ਼ਿਕਾਰ ਹੋ, ਤਨਾਅ ਵਿੱਚ ਹੋ ਜਾਂ ਬੁੱਢੇ ਹੋ ਰਹੇ ਹੋ।

ਇਹ ਰੋਗਾਣੂੰ ਵਧਦੇ ਜਾਂਦੇ ਹਨ ਅਤੇ ਤੁਹਾਨੂੰ ਬਿਮਾਰ ਕਰ ਦਿੰਦੇ ਹਨ। ਇਸਨੂੰ **ਟੀਬੀ ਦੀ ਬਿਮਾਰੀ** ਕਹਿੰਦੇ ਹਨ।

ਤੁਸੀਂ ਟੀਬੀ ਦੂਜਿਆਂ ਤਕ **ਫੈਲਾ ਸਕਦੇ** ਹੋ।

ਤੁਸੀਂ ਹੇਠ ਲਿਖੇ ਦੁਆਰਾ **ਬਿਮਾਰ ਮਹਿਸੂਸ ਕਰ ਸਕਦੇ ਹੋ** :



- ਬੁਖਾਰ
- ਖੰਘ (3 ਹਫਤਿਆਂ ਤੋਂ ਜਿਆਦਾ)
- ਥਕਾਵਟ ਹੋਣਾ
- ਭਾਰ ਦਾ ਘਟਣਾ
- ਰਾਤ ਨੂੰ ਪਸੀਨਾ ਆਉਣਾ
- ਛਾਤੀ ਵਿੱਚ ਦਰਦ

ਟੀਬੀ ਤੋਂ ਰੋਗਮੁਕਤ ਹੋਣ ਲਈ ਇਹ **ਜਰੂਰੀ ਹੈ** ਕਿ ਤੁਸੀਂ ਟੀਬੀ ਦੀ ਦਵਾਈ ਲਉ। ਤੁਹਾਡਾ ਡਾਕਟਰ ਤੈਅ ਕਰੇਗਾ ਕਿ ਕਿੰਨੇ ਦਿਨ ਦਵਾਈ ਲੈਣਾ ਤੁਹਾਡੇ ਲਈ ਜਰੂਰੀ ਹੈ। ਦਵਾਈ ਮੁਫਤ ਮਿਲਦੀ ਹੈ!



**ਟੀਬੀ ਨੂੰ ਰੋਕਣ ਦਾ ਇਹੀ ਸਹੀ ਸਮਾਂ ਹੈ!**

416.338.7600 toronto.ca/health | TORONTO Public Health

PH0903GB083 (Punjabi) April 2009